## <u>ਆਮ ਸ਼ਰਤਾਂ</u>
## <u>(ਮੈਸ ਸਹੂਲਤਾਂ ਮੁਹੱਈਆਂ ਕਰਵਾਉਣ ਲਈ)</u>

1. ਮੈਸ ਸਹੂਲਤਾਂ ਮੁਹੱਈਆਂ ਕਰਵਾਉਣ ਦਾ ਠੇਕਾ ਵਿੱਤੀ ਸਾਲ 2੦1੦-2੦11 ਤੱਕ ਚਲਾਏ ਜਾਣ ਵਾਲੇ ਕੋਰਸਾ ਦੇ ਸਿਖਿਆਰਥੀਆਂ ਲਈ ਹੋਵੇਗਾ ਜੋ 2/2 ਮਹੀਨੇ ਦੀ ਅਵਧੀ ਵਾਲੇ ਕੋਰਸਾਂ ਵਿਚ ਪੀ.ਐਸ.ਟੀ.ਆਈ. ਲੱਡਾ ਕੋਠੀ ਸੰਗਰੂਰ ਵਿਖੇ ਸਿਖਲਾਈ ਹਾਸਲ ਕਰਨਗੇ । ਸਿਖਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ ਘਾਟਾ ਹੋਣ ਦੀ ਸੰਭਾਵਨਾ ਨੂੰ ਵੀ ਨਕਾਰਿਆ ਨਹੀ ਜਾ ਸਕਦਾ।
2. ਸਿਖਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਧੀਨ ਚਾਹ, ਖਾਣੇ, ਸਨੈਕਸ ਆਦਿ ਦੀ ਪੂਰਤੀ ਨਾਲ ਨੱਥੀ ਸਾਰਣੀ ਵਿੱਚ ਅੰਕਿਤ ਵੇਰਵੇ ਅਨੁਸਾਰ ਕਰਵਾਈ ਜਾਵੇਗੀ ਅਤੇ ਸਾਰੇ ਖਾਣ ਵਾਲੇ ਪਦਾਰਥਾਂ ਦੀ ਗੁਣਾਂਤਮਿਕਤਾ (ਕੁਆਲਿਟੀ), ਸਫਾਈ ਅਤੇ ਸੇਵਾਵਾਂ ਦਾ ਮਿਆਰ ਉੱਚ ਕੋਟੀ ਦਾ ਹੋਵੇਗਾ।
3. ਠੇਕੇ ਦੇ ਅਰਸੇ ਦੌਰਾਨ ਮੈਸ ਅਤੇ ਠੇਕੇਦਾਰ ਵੱਲੋਂ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਹੋਰ ਇਮਾਰਤਾਂ ਦੇ ਰੱਖ-ਰਖਾਵ ਤੋਂ ਇਲਾਵਾ ਫਰਨੀਚਰ, ਭਾਂਡਿਆਂ, ਖਾਣਾ ਬਣਾਉਣ, ਸੰਭਾਲ ਕੇ ਰੱਖਣ, ਪਰੋਸਨ, ਠੰਡੇ ਪਾਣੀ ਦੀ ਪੂਰਤੀ ਆਦਿ ਲਈ ਲਗਾਏ ਗਏ ਉੱਪਕਰਣਾ ਦੀ ਟੁੱਟ ਭੱਜ ਅਤੇ ਗੁੰਮ ਹੋਣ ਦੀ ਪੂਰਤੀ ਵੀ ਠੇਕੇਦਾਰ ਨੂੰ ਹੀ ਕਰਨੀ ਪਵੇਗੀ।
4. ਠੇਕੇਦਾਰ ਵਲੋਂ ਰੋਜ਼ਮਰ੍ਹਾ ਦੇ ਆਧਾਰ ਤੇ ਦਿੱਤੀਆਂ ਜਾਣ ਵਾਲੀਆਂ ਖਾਣ-ਪੀਣ ਦੀਆਂ ਸਾਰੀਆਂ ਵਸਤੂਆਂ ਦੇ ਮਿਆਰ ਅਤੇ ਸਫਾਈ ਆਦਿ ਦਾ ਜ਼ਾਇਜ਼ਾ ਇਸ ਮੱਕਸਦ ਲਈ ਨਾਮਜ਼ਦ ਸਟਾਫ ਮੈਬਰਾਂ ਅਤੇ ਸਿਖਿਆਰਥੀਆਂ ਦੀ ਇੱਕ ਕਮੇਟੀ ਦੁਆਰਾ ਨਿਰੰਤਰ ਲਿਆ ਜਾਂਦਾ ਰਿਹਾ ਕਰੇਗਾ ਅਤੇ ਖਾਣ ਦੇ ਮਿਆਰ ਅਤੇ ਸਫਾਈ ਵਿਚ ਪਾਈਆਂ ਜਾਣ ਵਾਲੀਆਂ ਕਮੀਆਂ/ਤਰੁਟੀਆਂ ਵਿੱਚ ਸੁਧਾਰ ਨਾ ਆਉਣ ਦੀ ਸੂਰਤ ਵਿੱਚ ਠੇਕਾ ਇੱਕ ਤਰਫਾ ਤੌਰ ਤੇ ਭੰਗ ਕਰ ਦਿੱਤਾ ਜਾਵੇਗਾ ਅਤੇ ਸਿਕਿਉਰਟੀ ਰਾਸ਼ੀ ਜਬਤ ਕਰ ਲਈ ਜਾਵੇਗੀ।

5. ਠੇਕੇਦਾਰ ਸਾਰੇ ਸਿਖਿਆਰਥੀਆਂ ਨੂੰ ਸੰਸਥਾ ਵਲੋ ਨਿਰਧਾਰਿਤ ਸਮੇਂ ਸੀਮਾਵਾਂ ਵਿੱਚ ਖਾਣਾ, ਚਾਹ ਆਦਿ ਮੁੱਹਈਆ ਕਰਵਾਉਣ ਦਾ ਜ਼ਿੰਮੇਵਾਰ ਹੋਵੇਗਾ ਅਤੇ ਇਸ ਮਕਸਦ ਦੀ ਪੂਰਤੀ ਲਈ ਲੋੜ ਅਨੁਸਾਰ ਕਾਫੀ ਕਰਮਚਾਰੀ ਤਾਇਨਾਤ ਕਰੇਗਾ ਤਾਂ ਜੋ ਸਿਖਿਆਰਥੀਆਂ ਦੀ ਸਿਖਲਾਈ ਅਤੇ ਸੁਵਿਧਾ ਵਿਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪਵੇ।

6. ਸਫਲ ਬੋਲੀਕਾਰ ਠੇਕੇ ਦੀ ਬੋਲੀ ਉਸਦੇ ਹੱਕ ਵਿੱਚ ਟੁੱਟਣ ਸਮੇਂ ਰੁਪਏ 25,000/- ਦੀ ਰਾਸ਼ੀ ਹੋਰ ਬਤੌਰ ਸਕਿਊਰਿਟੀ ਮੌਕੇ ਤੇ ਜਮ੍ਹਾਂ ਕਰਵਾਣੀ ਪਵੇਗੀ ਜਿਸ ਨਾਲ ਉਸਦੀ ਕੁਲ ਸਿਕਿਉਰਟੀ ਰਾਸ਼ੀ ਰੁਪਏ 35,000/- ਹੋ ਜਾਵੇਗੀ ਜੋ ਠੇਕੇ ਦੀ ਮਿਆਦ ਪੁਗਣ ਤੋਂ ਬਾਦ ਉਸਨੂੰ ਮੋੜ ਦਿਤੀ ਜਾਵੇਗੀ।

7. ਠੇਕੇ ਨਾਲ ਸਬੰਧਤ ਧਨ ਰਾਸ਼ੀ ਤੇ ਸੇਵਾ ਕਰ, ਆਮਦਨ ਕਰ ਜਾਂ ਹੋਰ ਨਿਰਧਾਰਿਤ ਕਰਾਂ ਦੀ ਅਦਾਇਗੀ ਠੇਕੇਦਾਰ ਵੱਲੋਂ ਆਪਣੇ ਤੋਰ ਤੇ ਨਿਸਚਿਤ ਸਮੇਂ ਤੇ ਕਰਕੇ ਸਬੰਧਤ ਵਿਭਾਗ ਵੱਲੋਂ ਇਸ ਸਬੰਧੀ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਪੰਜਾਬ ਪੁਲਿਸ ਸਕਿਉਰਿਟੀ ਕਾਰਪੋਰੇਸ਼ਨ ਦੇ ਦਫਤਰ ਸੁਨਿਸ਼ਚਿਤ ਸਮੇਂ ਤੇ ਪੇਸ਼ ਕਰਨਾ ਪਵੇਗਾ।

8. ਠੇਕੇਦਾਰ ਦੇ ਕਾਰਗੁਜਾਰੀ ਦਾ ਮੁੱਲਅੰਕਣ ਰੋਜ ਮਰ੍ਹਾ ਦੇ ਆਧਾਰ ਤੇ ਇਸ ਮਕਸਦ ਲਈ ਨਾਮਜਦ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੀਤਾ ਜਾਵੇਗਾ ਅਤੇ ਕੰਮ ਦਾ ਮਿਆਰ ਸੰਤੋਖਜਨਕ ਨਾ ਹੋਣ ਦੀ ਸੂਰਤ ਵਿੱਚ ਅਦਾਇਗੀ ਤੇ ਰੋਕ ਲਾ ਦਿੱਤੀ ਜਾਵੇਗੀ।

9. ਠੇਕੇਦਾਰ ਕਿਰਤ ਖਾਣ ਪੀਣ ਵਾਲੀਆਂ ਵਸਤੂਆਂ ਨਾਲ ਸਬੰਧਤ ਕਨੂੰਨਾਂ, ਨਿਯਮਾਂ ਅਤੇ ਜਾਬਤਿਆਂ ਦੀ ਪਾਲਣਾ ਕਰਨ ਦਾ ਵਿਅਕਤੀਗਤ ਤੌਰ ਤੇ ਪਾਬੰਦ ਹੋਵੇਗਾ ਅਤੇ ਉਲੰਘਣਾ ਲਈ ਜਾਤੀ ਤੌਰ ਤੇ ਜਿੰਮੇਵਾਰ ਹੋਵੇਗਾ।

10. ਠੇਕੇਦਾਰ ਅਤੇ ਉਸਦੇ ਕਰਮਚਾਰੀ ਟਰੇਨਿੰਗ ਸੈਂਟਰ ਦੇ ਨਿਯਮਾਂ ਅਤੇ ਕਾਰਜ ਪ੍ਰਣਾਲੀਆਂ ਦੇ ਪਾਬੰਦ ਹੋਣਗੇ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਨਹੀ ਹੋਣਗੇ ਜੋ ਗੈਰ ਕਾਨੂੰਨੀ ਅਤੇ ਟਰੇਨਿੰਗ ਸੈਂਟਰ ਦੇ ਪ੍ਰਿਸਰ ਵਿੱਚ ਵਰਜਿਤ ਹਨ।

11. ਠੇਕੇਦਾਰ ਉਸ ਵੱਲ ਬਣਦੀ ਰਾਸ਼ੀ ਦੀ ਅਦਾਇਗੀ ਹਰ ਮਹੀਨੇ ਦੀ ਦਸ ਤਰੀਕ ਤੋਂ ਪਹਿਲਾਂ ਟਰੇਨਿਆਂ ਦੀਆਂ ਹਾਜਰੀਆਂ ਦੇ ਹਿਸਾਬ ਨਾਲ ਨਿਰਧਾਰਿਤ ਰੇਟ ਤੇ ਇਸ ਮਕਸਦ ਲਈ ਨਾਮਜਦ ਕਮੇਟੀ ਤੋਂ ਤਸਦੀਕ ਕਰਵਾਉਣ ਤੋਂ ਬਾਅਦ ਚੈਕ ਰਾਹੀ ਕਰ ਦਿੱਤੀ ਜਾਇਆ ਕਰੇਗੀ। ਅਦਾਇਗੀ ਮਹੀਨੇ ਵਿੱਚ ਸਿਰਫ ਇਕ ਵਾਰ ਹੀ ਕੀਤੀ ਜਾਇਆ ਕਰੇਗੀ।

12. ਛੁੱਟੀ ਤੇ ਜਾਣ ਵਾਲੇ ਟਰੇਨੀਆਂ ਦੀ ਹਾਜਰੀ ਠੇਕੇਦਾਰ ਦੇ ਬਿੱਲਾਂ ਵਿੱਚ ਸੁਮਾਰ ਨਹੀ ਕੀਤੀ ਜਾਵੇਗੀ ਅਤੇ ਸਿੱਖਿਆਰਥੀਆਂ ਦੀ ਹਾਜਰੀ ਅਤੇ ਉਸ ਮੁਤਾਬਿਕ ਬਣਦੀ ਅਦਾਇਗੀ ਦੇ ਹਿਸਾਬ ਕਿਤਾਬ ਠੇਕੇਦਾਰ ਦੇ ਕਰਮਚਾਰੀਆਂ ਦੇ ਨਾਲ-ਨਾਲ ਟਰੇਨਿੰਗ ਸੈਟਂਰ ਦੇ ਇਸ ਮਕਸਦ ਲਈ ਨਾਮਜ਼ਦ ਸਟਾਫ ਵੱਲੋਂ ਸਾਂਝੇ ਤੌਰ ਤੇ ਰੱਖਿਆ ਜਾਵੇਗਾ ਅਤੇ ਰੋਜਮਰ੍ਹਾ ਦੇ ਅਧਾਰ ਤੇ ਤਸਦੀਕ ਕੀਤਾ ਜਾਵੇਗਾ।

13. ਠੇਕੇਦਾਰ ਕੇਵਲ ਠੇਕੇ ਦੀਆਂ ਸ਼ਰਤਾਂ ਅਨੁਸਾਰ ਤਹਿ ਕੀਤੀਆਂ ਹੋਇਆ ਵਸਤੂਾਂ ਹੀ ਕੇਵਲ ਸੁਰੱਖਿਆ ਸਿਖਲਾਈ ਕੋਰਸਾਂ ਦੇ ਸਿੱਖਿਆਰਥੀਆਂ ਹੀ ਸਪਲਾਈ ਕਰੇਗਾ। ਇਸ ਤੋਂ ਇਲਾਵਾ ਕੋਈ ਹੋਰ ਖਾਣ ਪੀਣ ਜਾਂ ਇਸਤੇਮਾਲ ਵਿੱਚ ਆਉਣ ਵਾਲੀ ਫੁੱਟਕਲ ਚੀਜ਼ ਦੀ ਠੇਕੇਦਾਰ ਵੱਲੋਂ ਵਿਕਰੀ ਤੇ ਸਖ਼ਤ ਪਾਬੰਦੀ ਹੋਵੇਗੀ ਅਤੇ ਅਵੱਗਿਆ ਦੀ ਸੂਰਤ ਵਿੱਚ ਬਣਦਾ ਜੁਰਮਾਨਾ ਆਇਦ ਕੀਤਾ ਜਾਵੇਗਾ।

14. ਠੇਕੇਦਾਰ ਆਪਣੇ ਤੌਰ ਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਸਦੇ ਕਿਸੇ ਵੀ ਕਰਮਚਾਰੀ ਵੱਲੋਂ ਪੰਜਾਬ ਪੁਲਿਸ ਦੇ ਸੁਰੱਖਿਆ ਪੱਖੋਂ ਸੰਵੇਦਨਸ਼ੀਲ ਪ੍ਰਿਸਰ (ਪੀ.ਆਰ.ਟੀ.ਸੀ. ਲੱਡਾ ਕੋਠੀ ਸੰਗਰੂਰ ) ਵਿੱਚ ਸਿਖਲਾਈ ਹਾਸਲ ਕਰਦੇ ਜਾਂ ਰਿਹਾਇਸ ਰੱਖਦੇ ਪੁਲਿਸ ਅਤੇ ਸਿਵਲੀਅਨ ਕਰਮੀਆਂ ਅਤੇ ਸਿਖਿਆਰਥੀਆਂ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀ ਹੈ।

15. ਠੇਕੇਦਾਰ ਖਾਣਾ ਤਿਆਰ ਕਰਵਾਉਣ, ਵਰਤਾਉਣ ਅਤੇ ਬਰਤਨਾਂ ਦੀ ਸਫਾਈ ਆਦਿ ਲਈ ਪੂਰੀ ਤਰ੍ਹਾਂ ਨਸ਼ਾ ਮੁਕਤ ਅਤੇ ਸਿਹਤਮੰਦ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਇਸਤੇਮਾਲ ਕਰੇਗਾ ਅਤੇ ਆਪਣੇ ਕਰਮਚਾਰੀਆਂ ਦੇ ਬਿਮਾਰੀ ਮੁਕਤ ਹੋਣ ਦੀ ਤਸਦੀਕ ਕਰਾਉਣ ਲਈ ਠੇਕੇ ਦੀ ਸ਼ੁਰੂਆਤ

ਸਮੇਂ ਅਤੇ ਹਰ ਤਿੰਨ ਮਹੀਨੇ ਬਾਅਦ ਉਹਨਾਂ ਦੀ ਸਿਹਤ ਦਾ ਸਰਕਾਰੀ ਡਾਕਟਰਾਂ ਤੋਂ ਵਿਸਤ੍ਰਿਤ ਮੁਆਇਨਾ ਕਰਵਾਵੇਗਾ ਅਤੇ ਇਸ ਦੀ ਰਿਪੋਟ ਇਸ ਮਕਸਦ ਲਈ ਨਾਮਜਦ ਕਮੇਟੀ ਸਾਹਮਣੇ ਪੇਸ਼ ਕਰਨ ਦਾ ਜਿੰਮੇਵਾਰ ਹੋਵੇਗਾ।

16. ਉਪਰੋਕਤ ਸ਼ਰਤਾਂ ਵਿੱਚ ਟਰੇਨੀਆਂ ਅਤੇ ਸੰਸਥਾ ਦੇ ਹਿੱਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਾ ਟਾਲੀਆਂ ਜਾਣ ਵਾਲੀਆਂ ਪ੍ਰਸਥਿਤੀਆਂ ਵਿੱਚ ਜਾਇਜ ਤਰਮੀਮ ਕਰਨ ਦਾ ਹੱਕ ਸੰਸਥਾ ਦਾ ਰਾਖਵਾਂ ਹੋਵੇਗਾ।